NSW ਦਾ ਸਿੱਖਿਆ ਵਿਭਾਗ

# ਵਿਦਿਆਰਥੀ ਦਾ ਵਿਵਹਾਰ ਜ਼ਾਬਤਾ

**ਵਿਦਿਆਰਥੀਆਂ ਅਤੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ।**

NSW ਸਰਕਾਰੀ ਸਕੂਲਾਂ ਵਿੱਚ ਹਰ ਕੋਈ ਸਕੂਲ ਦਾ ਹਿੱਸਾ ਹੈ ਅਤੇ ਸਿੱਖਣ ਦੇ ਉੱਤਮ ਮਿਆਰਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਇਹ ਜ਼ਾਬਤਾ NSW ਸਰਕਾਰੀ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਵਾਸਤੇ ਹੈ। ਇਹ ਸਕੂਲ ਦੇ ਅੰਦਰ ਅਤੇ ਬਾਹਰ ਦੋਵੇਂ ਥਾਂਵਾਂ 'ਤੇ ਹੋਣ ਵਾਲੀਆਂ ਸਾਰੀਆਂ ਸਕੂਲ ਦੀਆਂ ਗਤੀਵਿਧੀਆਂ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਔਨਲਾਈਨ ਵੀ ਸ਼ਾਮਲ ਹੈ, ਅਤੇ ਵਿਦਿਆਰਥੀ ਆਪਣੇ ਆਪ ਨਿੱਜੀ ਤੌਰ 'ਤੇ ਅਤੇ ਹੋਰ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਦੇ ਅਮਲੇ ਅਤੇ ਭਾਈਚਾਰੇ ਦੇ ਮੈਂਬਰਾਂ ਨਾਲ ਕਿਵੇਂ ਵਿਵਹਾਰ ਕਰਦੇ ਹਨ।**

**ਆਦਰਪੂਰਨ, ਜ਼ਿੰਮੇਵਾਰ ਅਤੇ ਸੁਰੱਖਿਅਤ** ਰਹਿਣ ਦੁਆਰਾ, ਅਤੇ ਅਧਿਆਪਕਾਂ ਅਤੇ ਅਮਲੇ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੁਆਰਾ, ਮੈਂ ਜ਼ਾਬਤੇ ਦੀ ਪਾਲਣਾ ਕਰਦਾ ਹਾਂ।

---

## ਹਰ ਕਿਸੇ ਦਾ ਆਦਰ ਕਰੋ

ਇਸ ਦਾ ਮਤਲਬ ਹੈ ਦੂਸਰਿਆਂ ਨੂੰ ਸਮਝਣਾ ਅਤੇ ਸਮਝਦਾਰ ਬਣਨਾ ਤਾਂ ਜੋ ਹਰ ਕੋਈ ਸਵਾਗਤ ਕੀਤਾ ਅਤੇ ਸ਼ਾਮਲ ਹੁੰਦਾ ਮਹਿਸੂਸ ਕਰੇ।

**ਮੈਂ ਇਹ ਕਰਾਂਗਾ:**

- ਆਦਰ ਨਾਲ ਸੁਣਾਂਗਾ ਅਤੇ ਬੋਲਾਂਗਾ
- ਦੂਜਿਆਂ ਨੂੰ ਆਪਣੀ ਪੜ੍ਹਾਈ 'ਤੇ ਧਿਆਨ ਕੇਂਦ੍ਰਿਤ ਕਰਨ ਦੇਵਾਂਗਾ
- ਹਰ ਕਿਸੇ ਨੂੰ ਅਹਿਮੀਅਤ ਦੇਵਾਂਗਾ ਅਤੇ ਉਨ੍ਹਾਂ ਨੂੰ ਸ਼ਾਮਲ ਕਰਾਂਗਾ ਅਤੇ ਉਨ੍ਹਾਂ ਨਾਲ ਵਾਜਬ ਵਿਵਹਾਰ ਕਰਾਂਗਾ
- ਸਾਡੇ ਸਕੂਲ ਦੇ ਮਾਹੌਲ ਦੀ ਦੇਖਭਾਲ ਕਰਾਂਗਾ
- ਸਕੂਲ ਦੀ ਵਰਦੀ ਨੂੰ ਸਹੀ ਤਰੀਕੇ ਨਾਲ ਅਤੇ ਮਾਣ ਨਾਲ ਪਹਿਨਾਂਗਾ।

---

## ਜ਼ਿੰਮੇਵਾਰ ਬਣੋ

ਇਸ ਦਾ ਮਤਲਬ ਹੈ ਆਪਣੀਆਂ ਕਾਰਵਾਈਆਂ ਪ੍ਰਤੀ ਸਾਵਧਾਨ ਰਹਿਣਾ ਤਾਂ ਜੋ ਹਰ ਕੋਈ ਸਿੱਖ ਸਕੇ ਅਤੇ ਰਲ-ਮਿਲ ਕੇ ਰਹਿ ਸਕੇ।

**ਮੈਂ ਇਹ ਕਰਾਂਗਾ:**

- ਜੇ ਮੈਂ ਜਾ ਸਕਦਾ ਹੋਵਾਂ ਤਾਂ ਮੈਂ ਹਰ ਰੋਜ਼ ਸਕੂਲ ਜਾਵਾਂਗਾ, ਸਮੇਂ ਸਿਰ ਸਕੂਲ ਅਤੇ ਜਮਾਤ ਵਿੱਚ ਪਹੁੰਚਾਂਗਾ, ਜੋ ਮੈਨੂੰ ਚਾਹੀਦਾ ਹੈ ਉਹ ਨਾਲ ਲਿਆਵਾਂਗਾ, ਅਤੇ ਸਿੱਖਣ ਲਈ ਤਿਆਰ ਰਹਾਂਗਾ
- ਸਕੂਲ ਅਤੇ ਜਮਾਤ ਦੇ ਨਿਯਮਾਂ ਅਤੇ ਨਿੱਤਨੇਮਾਂ ਦੀ ਪਾਲਣਾ ਕਰਾਂਗਾ
- ਤਕਨਾਲੋਜੀ ਦੀ ਵਰਤੋਂ ਸੁਰੱਖਿਅਤ ਤਰੀਕੇ ਨਾਲ ਅਤੇ ਸਿੱਖਣ ਲਈ ਕਰਾਂਗਾ
- ਆਪਣਾ ਸਕੂਲ ਦਾ ਕੰਮ ਪੂਰਾ ਕਰਾਂਗਾ, ਆਪਣੀ ਪੂਰੀ ਕੋਸ਼ਿਸ਼ ਕਰਾਂਗਾ ਅਤੇ ਲੋੜ ਪੈਣ 'ਤੇ ਮਦਦ ਮੰਗਾਂਗਾ
- ਜਦੋਂ ਮੈਂ ਕਰ ਸਕਦਾ ਹੋਇਆ ਤਾਂ ਦੂਜਿਆਂ ਦੀ ਮਦਦ ਕਰਾਂਗਾ
- ਮੈਂ ਜੋ ਗ਼ਲਤੀਆਂ ਕਰਦਾ ਹਾਂ ਉਨ੍ਹਾਂ ਤੋਂ ਸਿੱਖਾਂਗਾ ਅਤੇ ਸੁਧਾਰਨ ਦੀ ਕੋਸ਼ਿਸ਼ ਕਰਾਂਗਾ।

## ਸੁਰੱਖਿਅਤ ਰਹੋ

ਇਸ ਦਾ ਮਤਲਬ ਹੈ ਆਪਣੀ ਅਤੇ ਦੂਸਰਿਆਂ ਦੀ ਦੇਖਭਾਲ ਕਰਨਾ ਤਾਂ ਜੋ ਸਾਡੇ ਸਕੂਲ ਵਿੱਚ ਹਰ ਕੋਈ ਸੁਰੱਖਿਅਤ ਰਹਿ ਸਕੇ।

**ਮੈਂ ਇਹ ਕਰਾਂਗਾ:**

- ਅਧਿਆਪਕਾਂ ਅਤੇ ਸਕੂਲ ਦੇ ਅਮਲੇ ਦੀਆਂ ਹਦਾਇਤਾਂ ਦੀ ਪਾਲਣਾ ਕਰਾਂਗਾ
- ਦੂਸਰਿਆਂ ਦੀ ਨਿੱਜੀ ਜਗ੍ਹਾ, ਪਰਦੇਦਾਰੀ ਅਤੇ ਚੀਜ਼ਾਂ ਦਾ ਆਦਰ ਕਰਾਂਗਾ
- ਜੇ ਕੋਈ ਅਸੁਰੱਖਿਅਤ ਮਹਿਸੂਸ ਕਰਦਾ ਹੈ ਜਾਂ ਉਸ ਨਾਲ ਅਣਉਚਿਤ ਵਿਵਹਾਰ ਕੀਤਾ ਜਾਂਦਾ ਹੈ ਤਾਂ ਆਵਾਜ਼ ਉਠਾਵਾਂਗਾ ਅਤੇ ਮਦਦ ਮੰਗਾਂਗਾ
- ਮੱਤਭੇਦਾਂ ਨੂੰ ਸ਼ਾਂਤ ਅਤੇ ਵਾਜਬ ਤਰੀਕੇ ਨਾਲ ਹੱਲ ਕਰਾਂਗਾ।

## ਹਰ ਕਿਸੇ ਨੂੰ ਸੁਰੱਖਿਅਤ ਰੱਖਣ ਲਈ, ਮੈਨੂੰ ਲਾਜ਼ਮੀ ਤੌਰ 'ਤੇ ਇਹ ਨਹੀਂ ਕਰਨਾ ਚਾਹੀਦਾ:

- ਕਿਸੇ ਨਾਲ ਵੀ ਇਸ ਕਰਕੇ ਗ਼ਲਤ ਵਿਵਹਾਰ ਕਰਨਾ ਕਿਉਂਕਿ ਉਹ ਕੌਣ ਹਨ ਜਾਂ ਕਿਹੜੀ ਚੀਜ਼ ਉਨ੍ਹਾਂ ਨੂੰ ਮੇਰੇ ਤੋਂ ਵੱਖਰਾ ਬਣਾਉਂਦੀ ਹੈ
- ਕਿਸੇ ਨਾਲ ਵੀ ਹਿੰਸਕ ਹੋਣਾ, ਸੱਟ ਮਾਰਨੀ, ਧਮਕਾਉਣਾ, ਤੰਗ ਕਰਨਾ ਜਾਂ ਧੱਕੇਸ਼ਾਹੀ ਕਰਨਾ, ਜਿਸ ਵਿੱਚ ਫ਼ੋਨ, ਡੀਵਾਈਸਾਂ, ਕੰਪਿਊਟਰ, ਔਨਲਾਈਨ ਜਾਂ ਸ਼ੋਸ਼ਲ ਮੀਡੀਆ ਦੀ ਵਰਤੋਂ ਵੀ ਸ਼ਾਮਲ ਹੈ
- ਸਕੂਲ ਵਿੱਚ ਹਥਿਆਰ, ਗ਼ੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ, ਸ਼ਰਾਬ, ਵੇਪਸ, ਈ-ਸਿਗਰਟਾਂ ਜਾਂ ਤੰਬਾਕੂ ਲਿਆਉਣਾ।

ਜੇ ਮੈਂ ਇਹ ਚੀਜ਼ਾਂ ਕਰਦਾ ਹਾਂ, ਤਾਂ ਅਮਲਾ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਅਤੇ ਪੜ੍ਹਾਈ ਕਰਨ ਦੇ ਯੋਗ ਬਣਾਈ ਰੱਖਣ ਲਈ ਬਣਦੀ ਕਾਰਵਾਈ ਕਰੇਗਾ। ਇਸ ਵਿੱਚ ਸਕੂਲ ਤੋਂ ਮੁਅੱਤਲੀ ਸ਼ਾਮਲ ਹੋ ਸਕਦੀ ਹੈ।

ਅਧਿਆਪਕ ਅਤੇ ਸਕੂਲ ਦਾ ਅਮਲਾ ਮੈਨੂੰ ਪੜ੍ਹਨ, ਵਧੀਆ ਚੋਣਾਂ ਕਰਨ ਅਤੇ ਸੁਰੱਖਿਅਤ ਰਹਿਣ ਵਿੱਚ ਮਦਦ ਕਰਦੇ ਹਨ। ਮੈਂ ਨਿਯਮਾਂ ਦੀ ਪਾਲਣਾ ਕਰਾਂਗਾ, ਦੂਸਰਿਆਂ ਦਾ ਸਹਿਯੋਗ ਕਰਾਂਗਾ, ਉਨ੍ਹਾਂ ਦੇ ਅਧਿਕਾਰਾਂ ਦਾ ਆਦਰ ਕਰਾਂਗਾ, ਅਤੇ ਸਾਡੇ ਸਕੂਲ ਨੂੰ ਸਿੱਖਣ ਅਤੇ ਸੰਬੰਧਿਤ ਰੱਖਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਾਸਤੇ ਆਪਣੇ ਵਿਚਾਰਾਂ ਨੂੰ ਸਾਂਝਾ ਕਰਾਂਗਾ।

☐ ਮੈਂ ਸਵੀਕਾਰ ਕਰਦਾ ਹਾਂ ਕਿ ਮੈਨੂੰ ਵਿਦਿਆਰਥੀ ਵਿਵਹਾਰ ਦਾ ਜ਼ਾਬਤਾ ਮਿਲ ਗਿਆ ਹੈ ਅਤੇ ਮੈਂ ਇਸ ਵਿੱਚ ਦੱਸੀਆਂ ਉਮੀਦਾਂ ਨੂੰ ਸਵੀਕਾਰ ਕਰਦਾ ਹਾਂ।

ਵਿਦਿਆਰਥੀ ਦਾ ਨਾਮ: ............................................................

☐ ਮੈਂ/ਅਸੀਂ ਸਵੀਕਾਰ ਕਰਦੇ ਹਾਂ ਕਿ ਸਾਨੂੰ ਵਿਦਿਆਰਥੀ ਵਿਵਹਾਰ ਦਾ ਜ਼ਾਬਤਾ ਮਿਲ ਗਿਆ ਹੈ ਅਤੇ ਮੈਂ/ਅਸੀਂ ਇਸ ਵਿੱਚ ਦੱਸੀਆਂ ਉਮੀਦਾਂ ਨੂੰ ਸਵੀਕਾਰ ਕਰਦੇ ਹਾਂ।

ਮਾਪੇ/ਸੰਭਾਲ ਕਰਨ ਵਾਲੇ ਦਾ ਨਾਮ: ............................................................

ਮਾਪੇ/ਸੰਭਾਲ ਕਰਨ ਵਾਲੇ ਦੇ ਦਸਤਖ਼ਤ: ............................................................

## ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨੂੰ ਫ਼ੋਨ ਕਰੋ। ਜੇ ਤੁਹਾਡੀ ਪੁੱਛਗਿੱਛ ਵਿੱਚ ਸਹਾਇਤਾ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ, ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਬਾਰੇ ਪੁੱਛੋ।

ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਥੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।